# ਆਓ ਗਿਆਨੀ ਕੁਲਦੀਪ ਸਿੰਘ ਵਰਜੀਨੀਆ ਦਾ ਸਾਥ ਦਈਏ

-: *ਖ਼ਾਲਸਾ ਨਿਊਜ਼ ਟੀਮ*

ਗਿਆਨੀ ਕੁਲਦੀਪ ਸਿੰਘ, ਉਨ੍ਹਾਂ ਦੇ ਸਾਥੀਆਂ ਅਤੇ ਵਰਜੀਨੀਆ ਦੀ ਸਿੱਖ ਸੰਗਤ ਦਾ ਸਾਥ ਦਈਏ ਜਿਨ੍ਹਾਂ ਨੇ ਆਪਣੇ ਇੱਕੋ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਨਾਲ ਪਾਹੁਲ ਤਿਆਰ ਕੀਤੀ ਅਤੇ ਗੁਰੂ ਨਾਲ ਆਪਣੀ ਦ੍ਰਿੜਤਾ ਦੁਨੀਆ ਸਾਹਮਣੇ ਦਲੇਰੀ ਨਾਲ ਪੱਕੀ ਕੀਤੀ। ਮਰਿਆਦਾ ਦੇ ਨਾਮ 'ਤੇ ਸਿੱਖੀ ਵਿੱਚ ਘੁੱਸਪੈਠ ਕਰ ਚੁੱਕੀਆਂ ਅਖੌਤੀ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਬਾਹਰ ਦਾ ਰਸਤਾ ਦਿਖਾਇਆ। ਸਿੱਖਾਂ ਦਾ ਅਸਲੀ ਨਿਤਨੇਮ ਅਤੇ ਪਾਹੁਲ ਦੀਆਂ ਬਾਣੀਆਂ ਜੋ ਕਿ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹਨ, ਉਨਹਾਂ ਨਾਲ ਪਾਹੁਲ ਸੰਸਕਾਰ ਕਰਵਾ ਕੇ, ਸਿੱਖੀ 'ਚ ਨਵੀਂ ਰੂਹ ਫੂਕੀ।

ਸੰਸਾਰ ਦੇ ਸਾਰੇ ਸਿੱਖ ਜੋ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਿਲ ਬਾਣੀ ਨੂੰ ਗੁਰਬਾਣੀ ਗੁਰੂ ਮੰਨਦੇ ਹਨ, ਉਨ੍ਹਾਂ ਨੂੰ ਗਿਆਨੀ ਜੀ ਅਤੇ ਵਰਜੀਨੀਆ ਦੀ ਸੰਗਤ ਦਾ ਸਾਥ ਡੱਟ ਕੇ ਦੇਣਾ ਚਾਹੀਦਾ ਹੈ, ਜਿਸ ਨਾਲ ਹੋਰ ਵੀ ਸਿੱਖਾਂ ਨੂੰ ਪ੍ਰੇਰਣਾ ਮਿਲੇ, ਤੇ ਇਸ ਤਰ੍ਹਾਂ ਦੇ ਉਪਰਾਲੇ ਹੋਰ ਥਾਵਾਂ 'ਤੇ ਵੀ ਹੋ ਸਕਣ।






Support Giani Kuldeep Singh Virginia
Source: www.KhalsaNews.org
Date: June 12, 2016